# ਆਕਾਸ਼ਵਾਣੀ ਜਲੰਧਰ

# ਪ੍ਰਦੇਸ਼ਿਕ ਖਬਰਾਂ ਪੰਜਾਬੀ

**18:20**

**ਮਿਤੀ :18-10-2025**

## ਪਹਿਲਾ ਬੁਲੇਟਿਨ ਦੀਆਂ ਖਾਸ ਖਬਰਾਂ

- ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਕਿਹਾ- ਬ੍ਰਹਮੋਸ ਸਿਰਫ਼ ਇੱਕ ਮਿਜ਼ਾਈਲ ਨਹੀਂ, ਸਗੋਂ ਦੇਸ਼ ਦੀਆਂ ਵਧਦੀਆਂ ਸਵਦੇਸ਼ੀ ਸਮਰੱਥਾਵਾਂ ਦਾ ਪ੍ਰਤੀਕ ਏ।
- ਕੇਂਦਰੀ ਗ੍ਰਹਿ ਰਾਜ ਮੰਤਰੀ ਬੰਦੀ ਸੰਜੇ ਕੁਮਾਰ ਨੇ ਅੱਜ ਜ਼ਿਲਾ ਗੁਰਦਾਸਪੁਰ ਦੇ ਪਿੰਡ ਘਣੀਏ ਕੇ ਬੇਟ ਦੇ ਹੜ ਪ੍ਰਭਾਵਿਤ ਲੋਕਾਂ ਨਾਲ ਕੀਤੀ ਮੁਲਾਕਾਤ।
- ਅੰਮ੍ਰਿਤਸਰ ਦੇ ਪਾਰਟੀਸ਼ਨ ਮਿਊਜ਼ੀਅਮ ਵਿਖੇ "ਵੰਡ ਤੋਂ ਬਾਅਦ: ਇੱਕ ਸਾਂਝੀ ਸੱਭਿਆਚਾਰਕ ਵਿਰਾਸਤ" ਸਿਰਲੇਖ ਵਾਲੀ ਤਸਵੀਰਾਂ ਦੀ ਇੱਕ ਵਿਲੱਖਣ ਪ੍ਰਦਰਸ਼ਨੀ ਦਾ ਉਦਘਾਟਨ ।

- ਤਿਓਹਾਰਾਂ ਮੌਕੇ FASTag ਦੇ ਸਾਲਾਨਾ ਪਾਸ ਦਾ ਦਿਓ ਉਪਹਾਰ।
- ਮਾਨਸਾ ਜ਼ਿਲ੍ਹੇ ਦੇ ਝੁਨੀਰ ਵਿਚ ਅੱਜ ਇੱਕ ਸਰਕਾਰੀ ਬੱਸ ਦੀ ਲਪੇਟ ਵਿਚ ਆਉਣ ਕਾਰਨ ਸਕੂਟਰ ਸਵਾਰ ਦੋ ਸਕੀਆਂ ਭੈਣਾਂ ਦੀ ਮੌਤ- ਪਿਤਾ ਤੇ ਭਰਾ ਜ਼ਖਮੀ।
- 69ਵੀਂਆਂ ਸੂਬਾ ਪੱਧਰੀ ਖੇਡਾਂ ਵਿੱਚ ਫਾਜ਼ਲਿਕਾ ਦੀਆਂ ਕੁੜੀਆਂ ਨੇ ਕਬੱਡੀ ਨੈਸ਼ਨਲ ਸਟਾਈਲ ਦਾ ਖਿਤਾਬ ਜਿੱਤਿਆ।

## ਹੁਣ ਖਬਰਾਂ ਵਿਸਥਾਰ ਨਾਲ

ਰੱਖਿਆ ਮੰਤਰੀ ਰਾਜਨਾਥ ਸਿੰਘ ਅਤੇ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਨੇ ਅੱਜ ਉੱਤਰ ਪ੍ਰਦੇਸ਼ ਦੇ ਲਖਨਊ ਵਿੱਚ ਬ੍ਰਹਮੋਸ ਏਰੋਸਪੇਸ ਇਕਾਈ ਵਿੱਚ ਬਣੀਆਂ ਬ੍ਰਹਮੋਸ ਮਿਜ਼ਾਈਲਾਂ ਦੀ ਪਹਿਲੀ ਖੇਪ ਨੂੰ ਰਵਾਨਾ ਕੀਤਾ। ਇਸ ਮੌਕੇ 'ਤੇ ਬੋਲਦਿਆਂ ਹੋਏ, ਰੱਖਿਆ ਮੰਤਰੀ ਨੇ ਕਿਹਾ ਕਿ ਬ੍ਰਹਮੋਸ ਸਿਰਫ਼ ਇੱਕ ਮਿਜ਼ਾਈਲ ਨਹੀਂ ਏ , ਸਗੋਂ ਦੇਸ਼ ਦੀਆਂ ਵਧਦੀਆਂ ਸਵਦੇਸ਼ੀ ਸਮਰੱਥਾਵਾਂ ਦਾ ਪ੍ਰਤੀਕ ਏ।

BYTE

ਰੱਖਿਆ ਮੰਤਰੀ  ਨੇ ਵਿਸ਼ਵਾਸ ਪ੍ਰਗਟ ਕੀਤਾ ਕਿ ਦੇਸ਼ ਦੇ ਦੁਸ਼ਮਣ ਹੁਣ ਬ੍ਰਹਮੋਸ ਤੋਂ ਬਚ ਨਹੀਂ ਸਕਣਗੇ। ਲਖਨਊ ਵਿੱਚ ਬ੍ਰਹਮੋਸ ਸਹੂਲਤ ਉੱਤਰ ਪ੍ਰਦੇਸ਼ ਰੱਖਿਆ ਲਾਂਘੇ ਵਿੱਚ ਪਹਿਲੀ ਇਕਾਈ ਏ ਜਿੱਥੇ ਮਿਜ਼ਾਈਲ ਸਿਸਟਮ ਨਿਰਮਾਣ ਤੋਂ ਲੈ ਕੇ ਆਖਰੀ ਟੈਸਟਿੰਗ ਤੱਕ ਦੀ ਪੂਰੀ ਪ੍ਰਕਿਰਿਆ ਸਵਦੇਸ਼ੀ ਤੌਰ 'ਤੇ ਕੀਤੀ ਜਾਂਦੀ ਏ । ਇਸ ਸਮਾਗਮ ਦੌਰਾਨ, ਰੱਖਿਆ ਮੰਤਰੀ ਅਤੇ ਮੁੱਖ ਮੰਤਰੀ ਨੇ ਬੂਸਟਰ ਬਿਲਡਿੰਗ ਦਾ ਉਦਘਾਟਨ ਕੀਤਾ ਅਤੇ ਬੂਸਟਰ ਡੌਕਿੰਗ ਪ੍ਰਕਿਰਿਆ ਦਾ ਪ੍ਰਦਰਸ਼ਨ ਦੇਖਿਆ।

---------------------------------------------------------

ਕੇਂਦਰੀ ਗ੍ਰਹਿ ਰਾਜ ਮੰਤਰੀ ਬਾਂਦੀ ਸੰਜੇ ਕੁਮਾਰ ਨੇ ਜਿਲਾ ਗੁਰਦਾਸਪੁਰ ਦੇ ਸਰਹੱਦੀ ਹਲਕੇ ਡੇਰਾ ਬਾਬਾ ਨਾਨਕ ਦੇ ਪਿੰਡ ਘਨੀਏ ਕੇ ਬੇਟ ਪਹੁੰਚੇ ਅਤੇ ਜਦ ਪ੍ਰਭਾਵਿਤ ਲੋਕਾਂ ਨਾਲ ਗੱਲਬਾਤ ਕੀਤੀ । ਪਿੰਡ ਦੇ ਸਰਪੰਚ ਭੋਲਾ ਸਿੰਘ ਅਤੇ ਕਿਸਾਨਾਂ ਗੁਲਜ਼ਾਰ ਸਿੰਘ ਅਮਰੀਕ ਸਿੰਘ ਨੇ ਨਾਲ ਹੜਾ ਸਬੰਧੀ ਆਈਆਂ ਤੰਗੀਆਂ ਬਾਰੇ ਮੁਸ਼ਕਿਲਾਂ ਸਾਂਝੀਆਂ ਕੀਤੀਆਂ ਅਤੇ ਮੰਗ ਕੀਤੀ ਕਿ ਧੁੱਸੀਂ ਬੰਨ ਉੱਚਾ ਤੇ  ਪੱਕਾ ਕੀਤਾ ਜਾਵੇ ਤਾਂ ਜੋ

ਆਉਣ ਵਾਲੇ ਸਮੇਂ ਦੇ ਵਿੱਚ ਕੋਈ ਵੀ ਪ੍ਰੇਸ਼ਾਨੀ ਨਾ ਆਵੇ । ਉਸ ਤੋਂ ਪਹਿਲਾਂ ਮੰਤਰੀ ਨੇ ਨੰਗਲੀ ਦੀ BSF ਚੌਂਕੀ ਵਿਚ ਸੀਨੀਅਰ ਅਧਿਕਾਰੀਆਂ ਨਾਲ ਵੀ ਗੱਲਬਾਤ ਕੀਤੀ।

---------------------------------------------------------

ਚੋਣ ਕਮਿਸ਼ਨ ਨੇ ਐਲਾਨ ਕੀਤਾ ਏ ਕਿ ਬਿਹਾਰ ਵਿਧਾਨ ਸਭਾ ਚੋਣਾਂ ਅਤੇ ਪੰਜਾਬ ਸਮੇਤ ਸੱਤ ਰਾਜਾਂ ਦੀਆਂ ਅੱਠ ਸੀਟਾਂ 'ਤੇ ਹੋਣ ਵਾਲੀਆਂ ਜ਼ਿਮਨੀ ਚੋਣਾਂ ਵਾਲੇ ਦਿਨ, ਨਿਯਮਤ ਅਤੇ ਅਸਥਾਈ ਮੁਲਾਜ਼ਮਾਂ ਸਮੇਤ ਸਾਰੇ ਮੁਲਾਜ਼ਮ, ਤਨਖਾਹ ਦੇ ਨਾਲ ਛੁੱਟੀ ਦੇ ਹੱਕਦਾਰ ਹੋਣਗੇ । ਕਮਿਸ਼ਨ ਨੇ ਕਿਹਾ ਏ ਕਿ ਜਿਹੜੇ ਵੋਟਰ ਆਪਣੇ ਹਲਕੇ ਤੋਂ ਬਾਹਰ ਕੰਮ ਕਰ ਰਹੇ ਨੇ, ਪਰ ਵੋਟਰਾਂ ਵਜੋਂ ਰਜਿਸਟਰਡ ਨੇ, ਉਨ੍ਹਾਂ ਨੂੰ ਵੀ ਇਸ ਸਹੂਲਤ ਦਾ ਲਾਭ ਮਿਲੇਗਾ। ਕਮਿਸ਼ਨ ਨੇ ਕਿਹਾ ਕਿ ਇਸ ਕਦਮ ਦਾ ਉਦੇਸ਼, ਵੋਟਿੰਗ ਫ਼ੀਸਦ ਨੂੰ ਵਧਾਉਣਾ ਏ। ਇਹ ਚੋਣਾਂ ਵਾਲੇ ਦਿਨ ਕੰਮ ਦੇ ਬੋਝ ਦੀ ਸੰਭਾਵੀ ਰੁਕਾਵਟ ਨੂੰ ਦੂਰ ਕਰੇਗਾ, ਜਿਸ ਨਾਲ ਸਾਰੇ ਨਾਗਰਿਕ ਚੋਣਾਂ ਵਿੱਚ ਹਿੱਸਾ ਲੈ ਸਕਣਗੇ।

------------------------------------------------------------

ਅੰਮ੍ਰਿਤਸਰ ਸਥਿਤ ਪਾਰਟੀਸ਼ਨ ਮਿਊਜ਼ੀਅਮ ਵਿਖੇ ਅੱਜ ਤੋਂ "ਵੰਡ ਤੋਂ ਬਾਅਦ: ਇੱਕ ਸਾਂਝੀ ਸੱਭਿਆਚਾਰਕ ਵਿਰਾਸਤ" ਸਿਰਲੇਖ ਵਾਲੀ ਤਸਵੀਰਾਂ ਦੀ ਇੱਕ ਵਿਲੱਖਣ ਪ੍ਰਦਰਸ਼ਨੀ ਦਾ ਉਦਘਾਟਨ ਕੀਤਾ ਗਿਆ ਏ । ਪੰਜਾਬ ਰਾਜ ਸੂਚਨਾ ਕਮਿਸ਼ਨਰ, ਹਰਪ੍ਰੀਤ ਸੰਧੂ ਵਲੋਂ ਉਦਘਾਟਨ ਤੋਂ ਬਾਅਦ ਆਮ ਲੋਕਾਂ ਲਈ ਖੋਲੀ ਗਈ ਇਸ ਪ੍ਰਦਰਸ਼ਨੀ ਵਿਚ ਲਗਾਈਆਂ ਗਈਆਂ ਤਸਵੀਰਾਂ ਪੂਰਬੀ ਇੰਗਲੈਂਡ ਵਿੱਚ ਵਸੇ ਪੰਜਾਬੀ ਮੂਲ ਦੇ ਬਜ਼ੁਰਗ ਮੈਂਬਰਾਂ ਦੇ ਸਹਿਯੋਗ ਨਾਲ ਤਿਆਰ ਕੀਤੀਆਂ ਗਈਆਂ ਨੇ , ਜਿਸ ਵਿੱਚ 1947 ਦੀ ਵੰਡ ਦੀਆਂ ਦਰਦਨਾਕ ਯਾਦਾਂ ਅਤੇ ਤਜਰਬੇ ਪ੍ਰਦਰਸ਼ਿਤ ਕੀਤੇ ਗਏ ਹਨ। ਇਹ 30 ਦਿਨਾਂ ਦੀ ਪ੍ਰਦਰਸ਼ਨੀ ਇੰਗਲੈਂਡ ਵਿੱਚ ਪੰਜਾਬੀ ਭਾਈਚਾਰੇ ਦੀ ਯਾਤਰਾ ਨੂੰ ਸਪਸ਼ਟ ਤੌਰ 'ਤੇ ਦਰਸਾਉਂਦੀ ਏ । ਇਹ ਪ੍ਰਦਰਸ਼ਨੀ ਬਰਤਾਨੀਆ ਦੇ ਐਸੈਕਸ ਕਲਚਰਲ ਡਾਇਵਰਸਿਟੀ ਪ੍ਰੋਜੈਕਟ ਵਲੋਂ ਲਗਾਈ ਗਈ ਏ, ਜਿਸ ਦਾ ਉਦੇਸ਼ ਅੰਮ੍ਰਿਤਸਰ ਵਿੱਚ ਕਲਾ ਕਾਰਜਾਂ ਰਾਹੀਂ, ਸੱਭਿਆਚਾਰਕ ਵਿਭਿੰਨਤਾ, ਸੈਰ-ਸਪਾਟਾ ਅਤੇ ਵਿਰਾਸਤ ਨੂੰ ਉਤਸ਼ਾਹਿਤ ਕਰਨਾ ਏ ।

-----------------------------------------------------------------

ਪੰਜਾਬ ਦੇ ਵਿੱਤ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਸੂਬੇ ਦੀ ਪ੍ਰਸਿੱਧ 'ਬਿੱਲ ਲਿਆਓ ਇਨਾਮ ਪਾਓ' ਸਕੀਮ ਵਿੱਚ ਮਹੱਤਵਪੂਰਨ ਵਾਧੇ ਦਾ ਐਲਾਨ ਕੀਤਾ ਏ । ਉਨ੍ਹਾਂ ਕਿਹਾ ਕਿ ਇਸ ਸਕੀਮ ਵਿੱਚ ਹੁਣ ਇੱਕ ਤਿਮਾਹੀ ਬੰਪਰ ਡਰਾਅ ਸ਼ਾਮਲ ਹੋਵੇਗਾ, ਜਿਸ ਵਿੱਚ ਜਨਤਕ ਸ਼ਮੂਲੀਅਤ ਨੂੰ ਉਤਸ਼ਾਹਿਤ ਕਰਨ ਲਈ ਵੱਡੇ ਨਕਦ ਇਨਾਮ ਦਿੱਤੇ ਜਾਣਗੇ। ਜਾਰੀ ਇੱਕ ਪ੍ਰੈਸ ਬਿਆਨ ਵਿੱਚ ਵਿੱਤ ਮੰਤਰੀ  ਨੇ ਕਿਹਾ ਕਿ ਹਰੇਕ ਤਿਮਾਹੀ ਦੌਰਾਨ ਇਸ ਯੋਜਨਾ ਵਿੱਚ ਹਿੱਸਾ ਲੈਣ ਵਾਲਿਆਂ ਨੂੰ 1 ਲਖ ਰੁਪਏ ਦਾ ਪਹਿਲਾ ਇਨਾਮ, 50 ਹਜ਼ਾਰ ਰੁਪਏ ਦਾ ਦੂਜਾ ਇਨਾਮ ਅਤੇ 25 ਹਜ਼ਾਰ ਰੁਪਏ ਦਾ ਤੀਜਾ ਇਨਾਮ ਜਿੱਤਣ ਦਾ ਮੌਕਾ ਮਿਲੇਗਾ। ਉਨ੍ਹਾਂ ਕਿਹਾ ਕਿ ਕਰ ਪਾਲਣਾ ਨੂੰ ਹੋਰ ਸੁਚਾਰੂ ਬਣਾਉਣ ਲਈ "ਮੇਰਾ ਬਿੱਲ" ਐਪ ਰਾਹੀਂ ਸੇਵਾ ਖੇਤਰ ਨਾਲ ਸਬੰਧਤ ਬਿੱਲਾਂ ਲਈ ਇੱਕ ਸਮਰਪਿਤ ਬਿੱਲ ਅਪਲੋਡ ਕਰਨ ਦੀ ਸਹੂਲਤ ਅਤੇ ਇਨਾਮ ਵੰਡ ਵਿਧੀ ਵੀ ਪੇਸ਼ ਕੀਤੀ ਜਾਵੇਗੀ।

-----------------------------------------------------------------

**BREAK**

**ਇਹ  ਖਬਰਾਂ ਤੁਸੀਂ ਅਕਾਸ਼ਵਾਣੀ ਤੋਂ ਸੁਣ ਰਹੇ ਓ  ।**

**>ਸਾਡਾ X ਹੈਂਡਲ ਏ**

**AT THE RATE AIR RNU JALANDHAR**

**>ਸਾਡਾ FACEBOOK PAGE ਏ -**

**RNU HYPHEN AIR JALANDHAR**

**ਅਤੇ**

**>YOUTUBE ਤੇ ਸਾਡਾ CHANNEL ਏ -**

**AT THE RATE AIR JALANDHAR**

---------------------------------------------------------------

ਤਿਓਹਾਰਾਂ ਦੇ ਇਸ ਸੀਜ਼ਨ ਵਿੱਚ, ਤੁਸੀਂ ਹੁਣ ਆਪਣੇ ਪਰਿਵਾਰ ਅਤੇ ਦੋਸਤਾਂ ਨੂੰ FASTag ਸਾਲਾਨਾ ਪਾਸ ਤੋਹਫ਼ੇ ਵਜੋਂ ਦੇ ਕੇ ਇੱਕ ਸੁਚਾਰੂ

ਅਤੇ ਸਹਿਜ ਸਫ਼ਰ ਦਾ ਤਜਰਬਾ ਪ੍ਰਦਾਨ ਕਰ ਸਕਦੇ ਹੋ, ਜੋ ਉਨ੍ਹਾਂ ਨੂੰ ਦੇਸ਼ ਭਰ ਵਿੱਚ ਰਾਸ਼ਟਰੀ ਰਾਜ-ਮਾਰਗਾਂ ਅਤੇ ਰਾਸ਼ਟਰੀ ਐਕਸਪ੍ਰੈਸ-ਵੇਅ 'ਤੇ ਸਾਲ ਭਰ ਦੀ ਮੁਸ਼ਕਲ ਰਹਿਤ ਯਾਤਰਾ ਦੇ ਯੋਗ ਬਣਾਏਗਾ।

ਸਾਲਾਨਾ ਪਾਸ, ਗੈਰ-ਵਪਾਰਕ ਵਾਹਨਾਂ ਨੂੰ ਰਾਸ਼ਟਰੀ ਰਾਜਮਾਰਗ ਯਾਤਰਾ ਮੋਬਾਈਲ ਐਪਲੀਕੇਸ਼ਨ ਰਾਹੀਂ ਤੋਹਫ਼ੇ ਵਜੋਂ ਦਿੱਤਾ ਜਾ ਸਕਦਾ ਏ । ਇਹ ਐਪ ਗੂਗਲ ਪਲੇ ਸਟੋਰ 'ਤੇ ਉਪਲਬਧ ਏ ।

## ਹੋਰ ਵੇਰਵੇ ਨਾਲ ਇਕ ਰਿਪੋਰਟ

ਆਪਣੇ ਨੇੜਲੇ ਅਤੇ ਪਿਆਰਿਆਂ ਨੂੰ ਇੱਕ ਮੁਸ਼ਕਲ ਰਹਿਤ ਯਾਤਰਾ ਦਾ ਤੋਹਫ਼ਾ ਦੇਣ ਲਈ, ਤੁਹਾਨੂੰ ਸਿਰਫ਼ ਰਾਜਮਾਰਗਯਾਤਰਾ ਐਪ 'ਤੇ 'ਪਾਸ ਸ਼ਾਮਲ ਕਰੋ' ਵਿਕਲਪ 'ਤੇ ਕਲਿੱਕ ਕਰਨਾ ਹੈ ਅਤੇ ਉਸ ਵਿਅਕਤੀ ਦਾ ਵਾਹਨ ਨੰਬਰ ਅਤੇ ਸੰਪਰਕ ਵੇਰਵੇ ਸ਼ਾਮਲ ਕਰਨੇ ਹਨ ਜਿਸਨੂੰ ਤੁਸੀਂ ਤੋਹਫ਼ਾ ਦੇਣਾ ਚਾਹੁੰਦੇ ਹੋ। ਆਪਣੇ ਮੋਬਾਈਲ ਫੋਨ 'ਤੇ ਦਿੱਤੇ ਗਏ OTP ਦੀ ਪੁਸ਼ਟੀ ਕਰੋ ਅਤੇ ਪਾਸ ਉਸ ਵਾਹਨ ਨਾਲ ਜੁੜੇ ਵੈਧ FASTag 'ਤੇ ਕਿਰਿਆਸ਼ੀਲ ਹੋ ਜਾਵੇਗਾ। ਸਿਰਫ਼ 3,000 ਰੁਪਏ ਦੀ ਇੱਕ ਸਾਲ ਦੀ ਵੈਧਤਾ ਦੇ ਨਾਲ, ਪਾਸ ਇੱਕ ਸਹਿਜ ਅਤੇ ਕਿਫਾਇਤੀ ਯਾਤਰਾ ਵਿਕਲਪ ਪ੍ਰਦਾਨ ਕਰਦਾ ਹੈ। ਇਹ ਭਾਰਤ ਭਰ ਦੇ ਲਗਭਗ 1,150 ਟੋਲ ਪਲਾਜ਼ਿਆਂ 'ਤੇ ਲਾਗੂ ਹੈ।

---------------------------------------------------------------------

ਅੱਜ ਦੇਸ਼ ਭਰ ਵਿੱਚ ਧਨਤੇਰਸ ਦਾ ਤਿਓਹਾਰ ਮਨਾਇਆ ਜਾ ਰਿਹਾ ਏ। ਇਹ, ਤਿਓਹਾਰਾਂ ਦੀ ਇੱਕ ਲੜੀ ਦੀ ਸ਼ੁਰੂਆਤ ਨੂੰ ਦਰਸਾਉਂਦਾ ਏ। ਧਨਤੇਰਸ ਨੂੰ ਧਨਵੰਤਰੀ ਜਯੰਤੀ ਵੀ ਕਿਹਾ ਜਾਂਦਾ ਏ। ਇਸ ਸ਼ੁਭ ਦਿਨ 'ਤੇ, ਲੋਕ ਭਗਵਾਨ ਧਨਵੰਤਰੀ, ਭਗਵਾਨ ਕੁਬੇਰ ਅਤੇ ਦੇਵੀ ਲਕਸ਼ਮੀ ਦੀ ਪੂਜਾ ਕਰਦੇ ਨੇ. ਇਹ ਤਿਓਹਾਰ ਹਿੰਦੂ ਕੈਲੰਡਰ ਮੁਤਾਬਿਕ ਅਸ਼ਵਿਨ ਮਹੀਨੇ ਦੇ ਕ੍ਰਿਸ਼ਨ ਪੱਖ ਦੇ 13ਵੇਂ ਦਿਨ ਮਨਾਇਆ ਜਾਂਦਾ ਏ। ਲੋਕ ਇਸਨੂੰ ਨਵੀ ਖਰੀਦਦਾਰੀ ਕਰਨ ਖਾਸ ਕਰਕੇ ਸੋਨੇ ਜਾਂ ਚਾਂਦੀ ਦੀਆਂ ਵਸਤਾਂ ਅਤੇ ਨਵੇਂ ਭਾਂਡੇ ਖਰੀਦਣ ਲਈ ਇੱਕ ਸ਼ੁਭ ਦਿਨ ਮੰਨਦੇ ਨੇ। ਇਸ ਦਿਨ ਉਪਕਰਣਾਂ ਅਤੇ ਆਟੋ-ਮੋਬਾਈਲਜ਼ ਦੀ ਭਾਰੀ ਖਰੀਦਦਾਰੀ ਵੀ ਹੁੰਦੀ ਏ।

---------------------------------------------------------------------

ਸੀਮਾ ਸੁਰੱਖਿਆ ਬਲ ਵਲੋਂ ਗੁਰਦਾਸਪੁਰ ਅਤੇ ਅੰਮ੍ਰਿਤਸਰ ਵਿਚ ਦੀਵਾਲੀ ਮੇਲਾ ਲਾਇਆ ਗਿਆ। ਗੁਰਦਾਸਪੁਰ ਵਿਚ ਸਮਾਗਮ ਦਾ ਉਦਘਾਟਨ ਬੀ.ਐਸ.ਐਫ ਵਾਈਵਸ ਵੈਲਫੇਅਰ ਐਸੋਸੀਏਸ਼ਨ ਦੀ

ਪ੍ਰਧਾਨ ਨੀਲਮ ਬਿਰਦੀ ਨੇ ਕੀਤਾ। ਸੈਕਟਰ ਗੁਰਦਾਸਪੁਰ ਅਤੇ ਅਧੀਨ ਯੂਨਿਟਾਂ ਦੇ 1,000 ਤੋਂ ਵੱਧ ਬੀਐਸਐਫ ਜਵਾਨਾਂ ਨੇ ਇਸ ਸਮਾਗਮ ਵਿੱਚ ਉਤਸ਼ਾਹ ਨਾਲ ਹਿੱਸਾ ਲਿਆ। ਬੀਐਸਐਫ ਦੇ ਮੁਲਾਜ਼ਮਾ , ਅਧਿਕਾਰੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੇ ਇਕੱਠੇ ਹੋ ਕੇ ਸੱਭਿਆਚਾਰਕ ਰੰਗਾਂ ਨਾਲ ਤਿਉਹਾਰ ਦੇ ਦਿਨ ਦਾ ਆਨੰਦ ਮਾਣਿਆ। ਮੇਲੇ ਵਿੱਚ ਵੱਖ-ਵੱਖ ਯੂਨੀਟਾਂ ਵੱਲੋਂ ਸੱਭਿਆਚਾਰਕ ਪੇਸ਼ਕਾਰੀਆਂ ਦੇ ਨਾਲ ਨਾਲ ਰਵਾਇਤੀ ਪਕਵਾਨਾਂ ਅਤੇ ਖੇਤਰੀ ਖੇਡਾਂ ਨੂੰ ਪ੍ਰਦਰਸ਼ਿਤ ਕਰਨ ਵਾਲੇ ਸਟਾਲ ਲਗਾਏ ਗਏ , ਜੋ ਮੇਲੇ ਦੀ ਤਿਉਹਾਰ ਦੀ ਭਾਵਨਾ ਨੂੰ ਵਧਾਉਂਦੇ ਹਨ। ਓਧਰ ਅੰਮ੍ਰਿਤਸਰ ਦੇ ਖਾਸਾ ਕੈਂਪ ਵਿਖੇ ਸਮਾਗਮ ਦੇ ਮੁੱਖ ਮਹਿਮਾਨ ਬੀ.ਐਸ.ਐਫ ਦੇ ਡੀ.ਆਈ.ਜੀ ਐਸ.ਐਸ. ਚੰਦੇਲ ਨੇ ਮੇਲੇ ਦੀ ਸ਼ੁਰੂਆਤ ਕੀਤੀ। ਮੇਲੇ ਵਿੱਚ ਬੀਐਸਐਫ ਦੀਆਂ ਵੱਖ-ਵੱਖ ਬਟਾਲੀਅਨਾਂ ਵੱਲੋਂ ਲਾਏ ਵਿਸ਼ੇਸ਼ ਸਟਾਲ ਲੋਕਾਂ ਲਈ ਆਕਰਸ਼ਣ ਦਾ ਕੇਂਦਰ ਬਣੇ ਹੋਏ ਸਨ। ਡੀਆਈਜੀ ਐਸ.ਐਸ. ਚੰਦੇਲ ਨੇ ਦਸਿਆ ਕਿ ਇਹ ਮੇਲਾ 5 ਦਿਨ ਤੱਕ ਚਲੇਗਾ, ਜਿਸ ਦਾ ਉਦੇਸ਼ ਏ ਕਿ ਜਵਾਨਾਂ ਦੇ ਪਰਿਵਾਰ, ਜੋ

ਸਰਹੱਦਾਂ ‘ਤੇ ਤਾਇਨਾਤ ਆਪਣੇ ਸਿਪਾਹੀਆਂ ਤੋਂ ਦੂਰ ਰਹਿੰਦੇ ਨੇ ਉਹ ਵੀ ਇਸ ਤਿਉਹਾਰ ਦਾ ਪੂਰਾ ਆਨੰਦ ਲੈ ਸਕਣ।

---------------------------------------------------------------

ਜਲੰਧਰ ਕਮਿਸ਼ਨਰੇਟ ਪੁਲਿਸ ਵਲੋਂ ਜਲੰਧਰ ਪੁਲਿਸ ਦੇ ਬਹਾਦਰ ਸ਼ਹੀਦ ਜਵਾਨਾਂ ਨੂੰ ਸ਼ਰਧਾਂਜਲੀ ਭੇਟ ਕਰਨ ਲਈ ਪੁਲਿਸ ਲਾਈਨ ਜਲੰਧਰ ਵਿਖੇ ਪੁਲਿਸ ਸ਼ਹੀਦੀ ਦਿਵਸ ਮੌਕੇ ਇੱਕ ਵਿਸ਼ੇਸ਼ ਸਮਾਗਮ ਕਰਵਾਇਆ ਗਿਆ। ਇਸ ਮੌਕੇ ਦੋ ਮਿੰਟ ਦਾ ਮੌਨ ਧਾਰਨ ਕਰਕੇ ਉਨ੍ਹਾਂ ਸੂਰਵੀਰ ਜਵਾਨਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ, ਜਿਨ੍ਹਾਂ ਨੇ ਪੁਲਿਸ ਵਿਭਾਗ ਦੀ ਸੇਵਾ ਅਤੇ ਜਨਤਾ ਦੀ ਸੁਰੱਖਿਆ ਲਈ ਆਪਣੀ ਜ਼ਿੰਦਗੀ ਕੁਰਬਾਨ ਕਰ ਦਿੱਤੀ। ਇਸ ਮੌਕੇ ਸ਼ਹੀਦਾਂ ਦੇ ਪਰਿਵਾਰਕ ਮੈਂਬਰਾਂ ਨੇ ਆਪਣੇ ਪਿਆਰਿਆਂ ਦੀਆਂ ਯਾਦਾਂ ਸਾਂਝੀਆਂ ਕੀਤੀਆਂ ਅਤੇ ਉਨ੍ਹਾਂ ਦੇ ਬਲੀਦਾਨ ‘ਤੇ ਮਾਣ ਪ੍ਰਗਟ ਕੀਤਾ । ਸਮਾਗਮ ਦੌਰਾਨ ਪਰਿਵਾਰਾਂ ਨੇ ਆਪਣੇ ਸਮੱਸਿਆਵਾਂ ਤੇ ਚੁਣੌਤੀਆਂ ਬਾਰੇ ਵੀ ਗੱਲ ਕੀਤੀ। ਜਲੰਧਰ ਕਮਿਸ਼ਨਰੇਟ ਪੁਲਿਸ ਵਲੋਂ ਸ਼ਹੀਦ ਪਰਿਵਾਰਾਂ ਨੂੰ ਸਨਮਾਨ ਵਜੋਂ ਤੋਹਫ਼ੇ ਪ੍ਰਦਾਨ ਕੀਤੇ ਗਏ ਅਤੇ ਉਨ੍ਹਾਂ ਨੂੰ ਆਉਣ ਵਾਲੇ ਦੀਵਾਲੀ ਦੇ ਤਿਉਹਾਰ

ਦੀ ਮੁਬਾਰਕਬਾਦ ਦਿੱਤੀ। ਜਲੰਧਰ ਕਮਿਸ਼ਨਰੇਟ ਪੁਲਿਸ ਆਪਣੇ ਸ਼ਹੀਦਾਂ ਦੇ ਪਰਿਵਾਰਾਂ ਦੇ ਨਾਲ ਹਮੇਸ਼ਾ ਖੜ੍ਹੀ ਏ ਅਤੇ ਵਿਭਾਗ ਉਨ੍ਹਾਂ ਦੀ ਕੁਰਬਾਨੀ ਤੋਂ ਪ੍ਰੇਰਨਾ ਲੈਂਦਿਆਂ ਅੱਗੇ ਵੀ ਜਨਤਾ ਦੀ ਸੁਰੱਖਿਆ ਲਈ ਪੂਰੇ ਸਮਰਪਣ ਨਾਲ ਕੰਮ ਕਰਦਾ ਰਹੇਗਾ।

-----------------------------------------------------

ਦੀਵਾਲੀ ਦੇ ਤਿਉਹਾਰ ਦੇ ਮੱਦੇਨਜ਼ਰ ਅੱਜ ਮਾਨਸਾ ਸ਼ਹਿਰ ਵਿੱਚ ਪੁਲੀਸ ਵੱਲੋਂ ਐਸ.ਐਸ.ਪੀ ਭਾਗੀਰਥ ਸਿੰਘ ਮੀਨਾ ਦੀ ਅਗਵਾਈ ਹੇਠ ਫਲੈਗ ਮਾਰਚ ਕੀਤਾ ਗਿਆ। ਐਸ.ਐਸ.ਪੀ ਨੇ ਦੱਸਿਆ ਕਿ ਦੀਵਾਲੀ ਦੇ ਤਿਉਹਾਰ ਨੂੰ ਧਿਆਨ ਵਿੱਚ ਰੱਖਦੇ ਹੋਏ ਮਾਨਸਾ ਸਮੇਤ ਬੁਢਲਾਡਾ,ਸਰਦੂਲਗੜ੍ਹ ਕਸਬਿਆਂ ਅੰਦਰ ਪੈਦੀਆਂ ਸੰਵੇਦਨਸ਼ੀਲ ਥਾਵਾਂ, ਭੀੜ-ਭੱੜਕੇ ਵਾਲੇ ਬਜ਼ਾਰਾਂ ਵਿੱਚ ਇਹ ਫਲੈਗ ਮਾਰਚ ਕੱਢਿਆ ਗਿਆ ਏ । ਉਨ੍ਹਾਂ ਕਿਹਾ ਕਿ ਇਸ ਫਲੈਗ ਮਾਰਚ ਦਾ ਮੁੱਖ ਮਕਸਦ ਜ਼ਿਲੇ ਅੰਦਰ ਅਮਨ ਤੇ ਕਾਨੂੰਨ ਦੀ ਵਿਵਸਥਾ ਨੂੰ ਬਰਕਾਰਾਰ ਰੱਖਦੇ ਹੋਏ ਦੀਵਾਲੀ ਦੇ ਤਿਉਹਾਰ ਨੂੰ ਨਿਰਵਿਘਨ ਨੇਪਰੇ ਚੜ੍ਹਾਉਣਾ ਏ ।

-----------------------------------------------------

ਜਲੰਧਰ ਦੇ ਜ਼ਿਲ੍ਹਾ ਮੈਜਿਸਟ੍ਰੇਟ ਡਾ. ਹਿਮਾਂਸ਼ੂ ਅਗਰਵਾਲ ਨੇ ਪੁਲਿਸ ਕਮਿਸ਼ਨਰ ਅਤੇ ਕਮਿਸ਼ਨਰ ਨਗਰ ਨਿਗਮ ਨੂੰ ਪਟਾਕਾ ਮਾਰਕੀਟ ਲਈ ਖਾਲੀ ਜ਼ਮੀਨ, ਨੇੜੇ ਪਠਾਨਕੋਟ ਬਾਈਪਾਸ ਵਿਖੇ ਸੁਰੱਖਿਆ ਪੱਖੋਂ ਅਤੇ ਹੋਰ ਲੋੜੀਂਦੇ ਪ੍ਰਬੰਧ ਕਰਨ ਲਈ, ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਯਕੀਨੀ ਬਣਾਉਣ ਦੇ ਹੁਕਮ ਜਾਰੀ ਕੀਤੇ ਨੇ। ਜਾਰੀ ਕੀਤੇ ਹੁਕਮ ਵਿੱਚ ਸਿਵਲ ਸਰਜਨ ਜਲੰਧਰ ਅਤੇ ਸਹਾਇਕ ਡਵੀਜ਼ਨਲ ਫਾਇਰ ਅਫਸਰ ਨੂੰ ਐਂਬੂਲੈਂਸ ਅਤੇ ਫਾਇਰ ਬਿਗ੍ਰੇਡ ਦੀਆਂ ਗੱਡੀਆਂ ਮੁਹੱਈਆ ਕਰਵਾਉਣ ਵੀ ਹਦਾਇਤ ਕੀਤੀ ਗਈ ਏ। ਜ਼ਿਲਾ ਜਲੰਧਰ ਵਿੱਚ ਹਰ ਸਾਲ ਦੀਵਾਲੀ ਦੇ ਤਿਉਹਾਰ ਮੌਕੇ ਪਟਾਖਾ ਮਾਰਕੀਟ ਬਰਲਟਨ ਪਾਰਕ ਵਿਖੇ ਲਗਾਈ ਜਾਂਦੀ ਏ ਪਰ ਇਸ ਸਾਲ ਬਰਲਟਨ ਪਾਰਕ ਵਿੱਚ ਉਸਾਰੀ ਤੇ ਨਵੀਨੀਕਰਨ ਦੇ ਕੰਮ ਚੱਲਦੇ ਹੋਣ ਕਰਕੇ ਇਸ ਸਥਾਨ ’ਤੇ ਆਰਜੀ ਪਟਾਖਾ ਮਾਰਕੀਟ ਨਹੀਂ ਲਗਾਈ ਜਾ ਸਕਦੀ।

----------------------------------------------------

ਮਾਨਸਾ ਜ਼ਿਲ੍ਹੇ ਦੇ ਕਸਬਾ ਝੁਨੀਰ ਵਿਚ ਅੱਜ ਸਵੇਰੇ ਸਰਕਾਰੀ ਬੱਸ ਦੀ ਲਪੇਟ ਵਿਚ ਆਉਣ ਕਾਰਨ  ਸਕੂਟਰ ਸਵਾਰ ਦੋ ਸਕੀਆਂ ਭੈਣਾਂ ਦੀ ਮੌਤ

ਹੋ ਗਈ ਜਦਕਿ ਉਨ੍ਹਾਂ ਦੇ ਪਿਤਾ ਅਤੇ ਭਰਾ ਗੰਭੀਰ ਜ਼ਖਮੀ ਹੋਏ ਨੇ। ਮਾਨਸਾ ਤੋਂ ਸਾਡੇ ਪੱਤਰਕਾਰ ਨੇ ਦਸਿਆ ਏ ਕਿ ਇਹ ਹਾਦਸਾ ਉਸ ਵੇਲੇ ਵਾਪਰਿਆ, ਜਦੋਂ ਸਵੇਰੇ ਸਕੂਟਰ ਸਵਾਰ ਦੋ ਸਕੀਆਂ ਭੈਣਾਂ ਉਨ੍ਹਾਂ ਦੇ ਪਿਤਾ ਅਤੇ ਭਰਾ ਨੂੰ ਲੁਧਿਆਣਾ ਤੋਂ ਸਿਰਸਾ ਜਾ ਰਹੀ ਇੱਕ ਸਰਕਾਰੀ ਬਸ ਨੇ ਟੱਕਰ ਮਾਰ ਦਿੱਤੀ। ਹਾਦਸੇ ਵਿਚ ਦੋਨੋਂ ਭੈਣਾਂ ਦੀ ਮੌਕੇ ’ਤੇ ਮੌਤ ਹੋ ਗਈ, ਜਦੋਂ ਸਕੂਟਰ ਚਲਾ ਰਹੇ ਪਿਤਾ ਅਤੇ ਨਾਲ ਬੈਠਾ ਭਰਾ ਗੰਭੀਰ ਰੂਪ ਵਿੱਚ ਜਖ਼ਮੀ ਹੋ ਗਏ। ਲੋਕਾਂ ਨੇ ਜਖ਼ਮੀਆਂ ਨੂੰ ਤੁਰੰਤ ਸਰਦੂਲਗੜ੍ਹ ਦੇ ਹਸਪਤਾਲ ਦਾਖਲ ਕਰਵਾਇਆ ਜਿੱਥੇ ਭਰਾ ਦੀ ਹਾਲਤ ਗੰਭੀਰ ਦੱਸੀ ਜਾਂਦੀ ਏ। ਪੁਲੀਸ ਨੇ ਬੱਸ ਕਬਜੇ ’ਚ ਲੈ ਕੇ ਡਰਾਈਵਰ ਦੇ ਖਿਲਾਫ ਮਾਮਲਾ ਦਰਜ ਕੀਤਾ ਏ। ਇਸ ਸਾਰੇ ਝੁਨੀਰ ਕਸਬੇ ਦੇ ਪਿੰਡ ਲਾਲਿਆਂਵਾਲੀ ਢਾਣੀ ਬਸਤੀ ਦੇ ਰਹਿਣ ਵਾਲੇ ਨੇ।

---------------------------------------------------

69ਵੀਂਆਂ ਸੂਬਾ ਪੱਧਰੀ ਖੇਡਾਂ ਵਿੱਚ 14 ਸਾਲਾਂ ਉਮਰ ਵਰਗ ਦੇ ਕਬੱਡੀ ਨੈਸ਼ਨਲ  ਚੱਲੇ ਰਹੇ ਮੁਕਾਬਲੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬੁਢਲਾਡਾ ਵਿਖੇ ਸੰਪਨ ਹੋ ਗਏ।

ਇਨ੍ਹਾਂ ਮੁਕਾਬਲਿਆਂ ਵਿੱਚ ਸੈਮੀਫਾਈਨਲ ’ਚ ਬਠਿੰਡਾ ਨੇ ਫਰੀਦਕੋਟ ਨੂੰ, ਫਾਜ਼ਲਿਕਾ ਨੇ ਸ੍ਰੀ ਮੁਕਤਸਰ ਸਾਹਿਬ ਨੂੰ ਹਰਾਇਆ, ਜਦੋਂ ਕਿ ਫਾਈਨਲ ਮੈਚ ਦੇ ਮੁਕਾਬਲੇ ਵਿੱਚ ਫਾਜ਼ਿਲਕਾ ਨੇ ਬਠਿੰਡਾ ਨੂੰ ਹਰਾਕੇ ਪਹਿਲਾ ਸਥਾਨ ਪ੍ਰਾਪਤ ਕੀਤਾ। ਮੁਕਾਬਲਿਆਂ ਵਿੱਚ ਦੂਜਾ ਸਥਾਨ ਬਠਿੰਡਾ ਨੇ ਅਤੇ ਤੀਜਾ ਸਥਾਨ ਫਰੀਦਕੋਟ ਨੇ ਹਾਸਲ ਕੀਤਾ।

-----------------------------------------------------------

- ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਕਿਹਾ- ਬ੍ਰਹਮੋਸ ਸਿਰਫ਼ ਇੱਕ ਮਿਜ਼ਾਈਲ ਨਹੀਂ, ਸਗੋਂ ਦੇਸ਼ ਦੀਆਂ ਵਧਦੀਆਂ ਸਵਦੇਸ਼ੀ ਸਮਰੱਥਾਵਾਂ ਦਾ ਪ੍ਰਤੀਕ ਏ।
- ਕੇਂਦਰੀ ਗ੍ਰਹਿ ਰਾਜ ਮੰਤਰੀ ਬੰਦੀ ਸੰਜੇ ਕੁਮਾਰ ਨੇ ਅੱਜ ਜ਼ਿਲਾ ਗੁਰਦਾਸਪੁਰ ਦੇ ਪਿੰਡ ਘਣੀਏ ਕੇ ਬੇਟ ਦੇ ਹੜ ਪ੍ਰਭਾਵਿਤ ਲੋਕਾਂ ਨਾਲ ਕੀਤੀ ਮੁਲਾਕਾਤ।
- ਅੰਮ੍ਰਿਤਸਰ ਦੇ ਪਾਰਟੀਸ਼ਨ ਮਿਊਜ਼ੀਅਮ ਵਿਖੇ "ਵੰਡ ਤੋਂ ਬਾਅਦ: ਇੱਕ ਸਾਂਝੀ ਸੱਭਿਆਚਾਰਕ ਵਿਰਾਸਤ" ਸਿਰਲੇਖ ਵਾਲੀ ਤਸਵੀਰਾਂ ਦੀ ਇੱਕ ਵਿਲੱਖਣ ਪ੍ਰਦਰਸ਼ਨੀ ਦਾ ਉਦਘਾਟਨ ।

- ਤਿਓਹਾਰਾਂ ਮੌਕੇ FASTag ਦੇ ਸਾਲਾਨਾ ਪਾਸ ਦਾ ਦਿਓ ਉਪਹਾਰ।
- ਮਾਨਸਾ ਜ਼ਿਲ੍ਹੇ ਦੇ ਝੁਨੀਰ ਵਿਚ ਅੱਜ ਇੱਕ ਸਰਕਾਰੀ ਬੱਸ ਦੀ ਲਪੇਟ ਵਿਚ ਆਉਣ ਕਾਰਨ ਸਕੂਟਰ ਸਵਾਰ ਦੋ ਸਕੀਆਂ ਭੈਣਾਂ ਦੀ ਮੌਤ- ਪਿਤਾ ਤੇ ਭਰਾ ਜ਼ਖਮੀ।
- 69ਵੀਂਆਂ ਸੂਬਾ ਪੱਧਰੀ ਖੇਡਾਂ ਵਿੱਚ ਫਾਜ਼ਲਿਕਾ ਦੀਆਂ ਕੁੜੀਆਂ ਨੇ ਕਬੱਡੀ ਨੈਸ਼ਨਲ ਸਟਾਈਲ ਦਾ ਖਿਤਾਬ ਜਿੱਤਿਆ।

---------------------------------------------------

**ਇਸਦੇ ਨਾਲ ਪ੍ਰਦੇਸ਼ਕ ਖਬਰਾਂ ਦਾ ਇਹ ਬੁਲੇਟਿਨ ਖਤਮ ਹੋਇਆ, ਰਾਸ਼ਟਰੀ ਖਬਰਾਂ ਦਾ ਅਗਲਾ ਬੁਲੇਟਿਨ ਤੁਸੀਂ ਸੁਣੋਗੇ 7 ਵੱਜਕੇ 30 ਮਿੰਟ 'ਤੇ ਨਮਸਕਾਰ !**